# ਕੈਂਸਰ ਬਾਰੇ ਆਸਟ੍ਰੇਲੀਆ ਦੀ ਯੋਜਨਾ

Punjabi | ਪੰਜਾਬੀ

## ਕੈਂਸਰ ਬਾਰੇ ਆਸਟ੍ਰੇਲੀਆ ਦੀ ਯੋਜਨਾ ਕੀ ਹੈ?

ਕੈਂਸਰ ਬਾਰੇ ਆਸਟ੍ਰੇਲੀਆ ਦੀ ਯੋਜਨਾ (ਇਹ ਯੋਜਨਾ) ਕੈਂਸਰ ਤੋਂ ਪ੍ਰਭਾਵਿਤ ਸਾਰੇ ਆਸਟ੍ਰੇਲੀਆਈ ਲੋਕਾਂ ਦੇ ਨਾਲ-ਨਾਲ ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇਲਾਜ ਦੇ ਤਜ਼ਰਬਿਆਂ ਅਤੇ ਨਤੀਜਿਆਂ ਨੂੰ ਬੇਹਤਰ ਬਣਾਉਣ ਲਈ ਇੱਕ ਰਾਸ਼ਟਰੀ ਰਣਨੀਤੀ ਹੈ। ਇਹ ਯੋਜਨਾ ਸਮੁੱਚੀ ਕੈਂਸਰ ਕੰਟਰੋਲ ਪ੍ਰਣਾਲੀ ਲਈ ਮਿਲ ਕੇ ਕੰਮ ਕਰਨ ਦੇ ਮੌਕਿਆਂ ਅਤੇ ਕਾਰਵਾਈਆਂ ਨੂੰ ਉਜਾਗਰ ਕਰਦੀ ਹੈ ਤਾਂ ਜੋ ਆਸਟ੍ਰੇਲੀਆ ਦੇ ਸਾਰੇ ਲੋਕ ਅਗਲੇ 10 ਸਾਲਾਂ ਅਤੇ ਉਸ ਤੋਂ ਬਾਅਦ ਦੇ ਸਮੇਂ ਵਿੱਚ ਸੰਭਵ ਤੌਰ 'ਤੇ ਸਰਵੋਤਮ ਕੈਂਸਰ ਦੇਖਭਾਲ ਪ੍ਰਾਪਤ ਕਰ ਸਕਣ।

**ਇਹ ਯੋਜਨਾ ਐਥੇ ਉਪਲਬਧ ਹੈ**
**australiancancerplan.gov.au**

## ਸਾਨੂੰ ਰਾਸ਼ਟਰੀ ਕੈਂਸਰ ਯੋਜਨਾ ਦੀ ਲੋੜ ਕਿਉਂ ਹੈ

ਹਾਲਾਂਕਿ ਆਸਟ੍ਰੇਲੀਆ ਵਿੱਚ ਕੈਂਸਰ ਦੇ ਇਲਾਜ ਨਤੀਜੇ ਸੰਸਾਰ ਵਿੱਚ ਸਭ ਤੋਂ ਵਧੀਆ ਹਨ, ਪਰ ਹਰ ਆਸਟ੍ਰੇਲੀਅਨ ਇੱਕੋ ਪੱਧਰ ਦੀ ਦੇਖਭਾਲ ਦਾ ਅਨੁਭਵ ਨਹੀਂ ਕਰਦਾ ਹੈ। ਸਾਡੇ ਸਮਾਜ ਵਿਚਲੇ ਕੁੱਝ ਸਮੂਹ, ਜਿਵੇਂ ਕਿ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ, ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਲੋਕ, ਲਿੰਗੀ ਤੌਰ 'ਤੇ ਵਿਭਿੰਨ ਲੋਕ, ਅਤੇ ਦੂਰ-ਦੁਰਾਡੇ ਅਤੇ ਖੇਤਰੀ ਖੇਤਰਾਂ ਵਿੱਚ ਰਹਿਣ ਵਾਲੇ ਲੋਕ, ਆਪੋ-ਆਪਣੇ ਕੈਂਸਰ ਦੇ ਇਲਾਜ ਨਤੀਜਿਆਂ ਵਿੱਚ ਕਾਫ਼ੀ ਫ਼ਰਕ ਹੋਣ ਦਾ ਸਾਹਮਣਾ ਕਰਦੇ ਹਨ। ਇਹ ਯੋਜਨਾ ਕੈਂਸਰ ਕੰਟਰੋਲ ਨੂੰ ਬਿਹਤਰ ਬਣਾਉਣ ਲਈ ਇੱਕ ਢਾਂਚਾਗਤ ਪਹੁੰਚ ਨੂੰ ਰੂਪਰੇਖਾ ਦਿੰਦੀ ਹੈ ਅਤੇ ਦੱਸਦੀ ਹੈ ਕਿ ਕਿਵੇਂ ਵੱਖ-ਵੱਖ ਧਿਰਾਂ ਬਿਹਤਰ ਨਤੀਜੇ ਪ੍ਰਾਪਤ ਕਰਨ ਲਈ ਸਹਿਯੋਗ ਕਰਨਗੀਆਂ।

ਇਸਦਾ ਟੀਚਾ ਕੈਂਸਰ ਤੋਂ ਪ੍ਰਭਾਵਿਤ ਹਰ ਵਿਅਕਤੀ ਅਤੇ ਆਸਟ੍ਰੇਲੀਆ ਵਿੱਚ ਕੈਂਸਰ ਦੇ ਖੇਤਰ ਵਿੱਚ ਲੱਗੇ ਹਰ ਵਿਅਕਤੀ ਲਈ ਆਪਣੇ-ਆਪ ਨੂੰ ਇਸ ਯੋਜਨਾ ਵਿੱਚ ਦੇਖਣਾ ਹੈ।

## ਆਸਟ੍ਰੇਲੀਆ ਵਿੱਚ ਕੈਂਸਰ ਦੀ ਮੌਜੂਦਾ ਸਥਿਤੀ

ਆਸਟ੍ਰੇਲੀਆ ਵਿੱਚ ਕੈਂਸਰ ਮੌਤ ਦਾ ਇੱਕ ਪ੍ਰਮੁੱਖ ਕਾਰਨ ਹੈ। 10 ਲੱਖ ਤੋਂ ਵੱਧ ਆਸਟ੍ਰੇਲੀਆਈ ਲੋਕ ਕੈਂਸਰ ਨਾਲ ਜਿਉਂ ਰਹੇ ਹਨ ਜਾਂ ਜਿਨ੍ਹਾਂ ਨੂੰ ਪਿਛਲੇ ਸਮੇਂ ਵਿੱਚ ਕੈਂਸਰ ਹੋ ਚੁੱਕਾ ਹੈ। ਸਮੇਂ ਦੇ ਨਾਲ ਇਸ ਗਿਣਤੀ ਵਿੱਚ ਵਾਧਾ ਹੋਣ ਦੀ ਉਮੀਦ ਹੈ ਕਿਉਂਕਿ ਕੈਂਸਰ ਦੇ ਨਵੇਂ ਕੇਸਾਂ ਦੀ ਗਿਣਤੀ ਅਤੇ ਕੈਂਸਰ ਨਾਲ ਜਿਉਂ ਰਹੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ।

ਕੁੱਲ ਮਿਲਾ ਕੇ, ਦੁਨੀਆ ਵਿੱਚ ਕੈਂਸਰ ਤੋਂ ਬਚਣ ਵਾਲੇ ਲੋਕਾਂ ਦੀ ਸਭ ਤੋਂ ਵੱਧ ਦਰ ਵਾਲੇ ਦੇਸ਼ਾਂ ਵਿੱਚੋਂ ਆਸਟ੍ਰੇਲੀਆ ਇੱਕ ਹੈ। ਹਾਲਾਂਕਿ, ਸਾਰੇ ਆਸਟ੍ਰੇਲੀਆਈ ਲੋਕਾਂ ਨੂੰ ਇਹਨਾਂ ਸੁਧਾਰਾਂ ਦਾ ਇੱਕ ਬਰਾਬਰ ਲਾਭ ਨਹੀਂ ਹੁੰਦਾ ਹੈ। ਗ਼ੈਰ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨਾਲੋਂ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਕੈਂਸਰ ਨਾਲ ਮੌਤ ਹੋਣ ਦੀ ਸੰਭਾਵਨਾ ਵੱਧ ਹੈ, ਅਤੇ ਇਹ ਪਾੜਾ ਵਧਦਾ ਜਾ ਰਿਹਾ ਹੈ। ਨਾਲ ਹੀ, ਕੈਂਸਰ ਦੀਆਂ ਕੁੱਝ ਕਿਸਮਾਂ ਵਿੱਚ ਜਾਨ ਬਚਣ ਦੀਆਂ ਦਰਾਂ ਵਿੱਚ ਬਾਕੀ ਕਿਸਮਾਂ ਵਾਂਗ ਸੁਧਾਰ ਨਹੀਂ ਦੇਖਿਆ ਗਿਆ ਹੈ। ਇਸ ਯੋਜਨਾ ਦਾ ਉਦੇਸ਼ ਇਹਨਾਂ ਭਿੰਨਤਾਵਾਂ ਨੂੰ ਹੱਲ ਕਰਨਾ ਅਤੇ ਸਾਰੇ ਆਸਟ੍ਰੇਲੀਆਈ ਲੋਕਾਂ ਲਈ ਕੈਂਸਰ ਤੋਂ ਬਚਣ ਦੀਆਂ ਦਰਾਂ ਵਿੱਚ ਸੁਧਾਰ ਕਰਨਾ ਹੈ।

## ਭਵਿੱਖ ਵਿੱਚ ਕੈਂਸਰ ਨੂੰ ਕੰਟਰੋਲ ਕਰਨ ਲਈ ਕੀ ਨਜ਼ਰੀਆ ਹੈ?

ਭਵਿੱਖ ਵਿੱਚ, ਆਸਟ੍ਰੇਲੀਆ ਵਿੱਚ ਕੈਂਸਰ ਦੀ ਦੇਖਭਾਲ ਹਰੇਕ ਲਈ ਉੱਚ ਗੁਣਵੱਤਾ ਵਾਲੇ ਇਲਾਜ ਅਨੁਭਵ ਅਤੇ ਨਤੀਜੇ ਪ੍ਰਦਾਨ ਕਰੇਗੀ। ਇਸਦਾ ਮਤਲਬ ਇਹ ਹੈ ਕਿ ਕੈਂਸਰ ਹੋਣ ਦਾ ਪਤਾ ਲੱਗਣ ਵਾਲੇ ਹਰੇਕ ਵਿਅਕਤੀ ਨੂੰ ਇੱਕ ਅਜਿਹੀ ਪ੍ਰਣਾਲੀ ਦੁਆਰਾ ਸੇਵਾ ਦਿੱਤੀ ਜਾਵੇਗੀ ਜੋ ਉਹਨਾਂ ਦਾ ਸੱਭਿਆਚਾਰ, ਉਮਰ, ਲਿੰਗ, ਜਿਨਸੀ ਝੁਕਾਅ, ਸਿਹਤ ਸਥਿਤੀ, ਸਥਾਨ ਅਤੇ ਸਿੱਖਿਆ ਦੇ ਪੱਧਰ ਸਮੇਤ ਉਹਨਾਂ ਦਾ ਵਿਅਕਤੀਗਤ ਤੌਰ 'ਤੇ ਸਨਮਾਨ ਕਰਦੀ ਹੈ। ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਕੈਂਸਰ ਇਲਾਜ ਅਨੁਭਵਾਂ ਅਤੇ ਨਤੀਜਿਆਂ ਵਿੱਚ ਬਰਾਬਰੀ ਪ੍ਰਾਪਤ ਕਰਨਾ ਭਵਿੱਖ ਦੀ ਕੈਂਸਰ ਦੇਖਭਾਲ ਦੀ ਇੱਕ ਪ੍ਰਮੁੱਖ ਤਰਜੀਹ ਹੈ। ਭੇਦਭਾਵ ਜਾਂ ਨਸਲਵਾਦ ਤੋਂ ਮੁਕਤ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਆਦਰਪੂਰਨ ਦੇਖਭਾਲ ਪ੍ਰਦਾਨ ਕੀਤੀ ਜਾਵੇਗੀ।

ਕੈਂਸਰ ਨਾਲ ਜਿਉਂ ਰਹੇ ਲੋਕ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਆਪਣੀ ਖੁਦ ਦੀ ਦੇਖਭਾਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ ਅਤੇ ਇਸ ਦੇ ਕੇਂਦਰ ਵਿੱਚ ਹੋਣਗੇ। ਉਹਨਾਂ ਦੀ ਕੈਂਸਰ ਇਲਾਜ ਯਾਤਰਾ ਦੌਰਾਨ ਆਪਸ ਵਿੱਚ ਚੰਗੀ ਤਰ੍ਹਾਂ ਨਾਲ ਜੁੜੀਆਂ ਅਤੇ ਪਹੁੰਚਯੋਗ ਸੇਵਾਵਾਂ ਦੇ ਨਾਲ-ਨਾਲ, ਉਹਨਾਂ ਨੂੰ ਸਿਹਤ-ਸੰਭਾਲ ਪ੍ਰਣਾਲੀ ਵਿੱਚੋਂ ਸੁਚਾਰੂ ਅਤੇ ਆਸਾਨੀ ਨਾਲ ਗੁਜ਼ਰਨ ਵਿੱਚ ਸਹਾਇਤਾ ਕੀਤੀ ਜਾਵੇਗੀ। ਇਹਨਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ, ਕੈਂਸਰ 'ਤੇ ਖੋਜ ਅਤੇ ਡੇਟਾ ਨੂੰ ਬਿਹਤਰ ਬਣਾਉਣ, ਆਸਟ੍ਰੇਲੀਆ ਦੇ ਸਿਹਤ-ਸੰਭਾਲ ਕਰਮਚਾਰੀਆਂ ਦਾ ਸਮਰਥਨ ਕਰਨ, ਅਤੇ ਸਾਰੇ ਆਸਟ੍ਰੇਲੀਆਈ ਲੋਕਾਂ ਲਈ ਬੇਹਤਰੀਨ ਦੇਖਭਾਲ ਤੱਕ ਪਹੁੰਚ ਵਧਾਉਣ 'ਤੇ ਧਿਆਨ-ਕੇਂਦਰਿਤ ਕੀਤਾ ਜਾਵੇਗਾ।

Australian Government
Cancer Australia




## ਇਹ ਯੋਜਨਾ ਕਿਵੇਂ ਯੋਜਨਾਬੱਧ ਕੀਤੀ ਗਈ ਹੈ?

ਇਹ ਯੋਜਨਾ ਛੇ ਰਣਨੀਤਕ ਉਦੇਸ਼ਾਂ ਦੀ ਪਛਾਣ ਕਰਦੀ ਹੈ ਜਿੱਥੇ ਅਗਲੇ ਦਹਾਕੇ ਅਤੇ ਉਸ ਤੋਂ ਬਾਅਦ ਲਈ ਬਿਹਤਰ ਅਨੁਭਵ ਅਤੇ ਨਤੀਜੇ ਪ੍ਰਦਾਨ ਕਰਨ ਲਈ ਰਾਸ਼ਟਰੀ ਪੱਧਰ 'ਤੇ ਧਿਆਨ-ਕੇਂਦਰਿਤ ਕਰਨ ਅਤੇ ਕੋਸ਼ਿਸ਼ ਕਰਨ ਦੀ ਲੋੜ ਹੈ। ਹਰੇਕ ਉਦੇਸ਼ ਵਿੱਚ 10-ਸਾਲਾ ਅਭਿਲਾਸ਼ਾ, 2-ਅਤੇ 5-ਸਾਲਾ ਲਈ ਟੀਚਾ, ਅਤੇ ਇਹਨਾਂ ਟੀਚਿਆਂ ਅਤੇ ਅਭਿਲਾਸ਼ਾਵਾਂ ਨੂੰ ਪ੍ਰਾਪਤ ਕਰਨ ਲਈ ਤਰਜੀਹੀ ਕਾਰਵਾਈਆਂ ਹੁੰਦੀਆਂ ਹਨ।

ਇਸ ਯੋਜਨਾ ਵਿੱਚ ਓਪਟੀਮਲ ਕੇਅਰ ਪਾਥਵੇਅਜ਼ (OCPs) ਨੂੰ ਦੇਖਭਾਲ ਦੇ ਰਾਸ਼ਟਰੀ ਮਾਪਦੰਡਾਂ ਵਜੋਂ ਸ਼ਾਮਲ ਕੀਤਾ ਗਿਆ ਹੈ, ਜਿਸ ਵਿੱਚ ਕੈਂਸਰ-ਵਿਸ਼ੇਸ਼ ਅਤੇ ਆਬਾਦੀ-ਵਿਸ਼ੇਸ਼ OCPs ਸ਼ਾਮਲ ਹਨ।

## ਇਹ ਯੋਜਨਾ ਕਿਵੇਂ ਵਿਕਸਿਤ ਕੀਤੀ ਗਈ ਸੀ?

ਇਹ ਯੋਜਨਾ ਕੈਂਸਰ ਦੇ ਖੇਤਰ ਵਿੱਚ ਵੱਖ-ਵੱਖ ਸਮੂਹਾਂ ਦੀ ਵਿਆਪਕ ਸ਼ਮੂਲੀਅਤ ਦੁਆਰਾ ਬਣਾਈ ਗਈ ਸੀ, ਜਿਸ ਵਿੱਚ ਕੈਂਸਰ ਤੋਂ ਪ੍ਰਭਾਵਿਤ ਲੋਕ, ਖ਼ਪਤਕਾਰ ਸੰਸਥਾਵਾਂ ਅਤੇ ਪੀਕ ਬਾਡੀਜ਼ (ਪ੍ਰਮੁੱਖ ਸੰਸਥਾਵਾਂ), ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ, ਤਰਜੀਹੀ ਆਬਾਦੀ ਸਮੂਹਾਂ ਦੇ ਨੁਮਾਇੰਦੇ, ਖੋਜਕਰਤਾ, ਸਿਹਤ ਪੇਸ਼ੇਵਰ, ਗ਼ੈਰ-ਸਰਕਾਰੀ ਸੰਸਥਾਵਾਂ, ਅਤੇ ਨੀਤੀ ਘਾੜੇ ਸ਼ਾਮਿਲ ਹਨ। ਇਹਨਾਂ ਵਿਚਾਰ-ਚਰਚਾਵਾਂ ਅਤੇ ਵਧੀਕ ਖੋਜਾਂ ਦੁਆਰਾ, ਇਸ ਯੋਜਨਾ ਲਈ ਅਭਿਲਾਸ਼ਾਵਾਂ, ਟੀਚਿਆਂ ਅਤੇ ਕਾਰਵਾਈਆਂ ਨੂੰ ਚੁਣਿਆ ਅਤੇ ਸੁਧਾਰਿਆ ਗਿਆ ਸੀ।

ਇਹ ਯੋਜਨਾ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੇ ਨਾਲ ਮਿਲਕੇ ਸਿਹਤ-ਸੰਭਾਲ ਵਿੱਚ ਸਹਿ ਡਿਜ਼ਾਈਨ ਲਈ ਸਿਧਾਂਤਾਂ ਅਤੇ ਕੰਮ ਕਰਨ ਦੇ ਬੇਹਤਰੀਨ ਤਰੀਕਿਆਂ 'ਤੇ ਸਥਾਪਿਤ ਕੀਤੀ ਗਈ ਹੈ।

## ਇਸ ਯੋਜਨਾ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ?

ਇਸ ਯੋਜਨਾ ਨੂੰ ਲਾਗੂ ਕਰਨਾ ਇੱਕ ਸਹਿਯੋਗ ਭਰਿਆ ਯਤਨ ਹੈ ਜੋ ਸਰਕਾਰਾਂ, ਗ਼ੈਰ-ਸਰਕਾਰੀ ਸੰਸਥਾਵਾਂ, ਅਤੇ ਸਿਹਤ ਅਤੇ ਖੋਜ ਖੇਤਰਾਂ ਸਮੇਤ ਕੈਂਸਰ ਕੰਟਰੋਲ ਪ੍ਰਣਾਲੀ ਵਿੱਚ ਤਾਲਮੇਲ ਵਾਲੀ ਕਾਰਵਾਈ ਦੀ ਮੰਗ ਕਰਦਾ ਹੈ।

**Australian Cancer Plan (ਆਸਟ੍ਰੇਲੀਆਈ ਦੀ ਕੈਂਸਰ ਯੋਜਨਾ) ਨੂੰ ਪੜ੍ਹਨ ਲਈ, ਇੱਥੇ ਜਾਓ australiancancerplan.gov.au**

Australian Government
Cancer Australia

© Cancer Australia 2023